ਆਸਾ ਬਾਣੀ ਭਗਤ ਧੰਨੇ ਜੀ ਕੀ ੴ ਸਤਿਗੁਰ ਪ੍ਰਸਾਦਿ ॥ ਭ੍ਰਮਤ ਫਿਰਤ ਬਹੁ ਜਨਮ ਬਿਲਾਨੇ ਤਨੁ ਮਨੁ ਧਨੁ ਨਹੀ ਧੀਰੇ ॥ ਲਾਲਚ ਬਿਖੁ ਕਾਮ ਲੁਬਧ ਰਾਤਾ ਮਨਿ ਬਿਸਰੇ ਪ੍ਰਭ ਹੀਰੇ ॥੧॥ ਰਹਾਉ ॥ ਬਿਖੁ ਫਲ ਮੀਠ ਲਗੇ ਮਨ ਬਉਰੇ ਚਾਰ ਬਿਚਾਰ ਨ ਜਾਨਿਆ ॥ ਗੁਨ ਤੇ ਪ੍ਰੀਤਿ ਬਢੀ ਅਨ ਭਾਂਤੀ ਜਨਮ ਮਰਨ ਫਿਰਿ ਤਾਨਿਆ ॥੧॥ ਜੁਗਤਿ ਜਾਨਿ ਨਹੀ ਰਿਦੈ ਨਿਵਾਸੀ ਜਲਤ ਜਾਲ ਜਮ ਫੰਧ ਪਰੇ ॥ ਬਿਖੁ ਫਲ ਸੰਚਿ ਭਰੇ ਮਨ ਐਸੇ ਪਰਮ ਪੁਰਖ ਪ੍ਰਭ ਮਨ ਬਿਸਰੇ ॥੨॥ ਗਿਆਨ ਪ੍ਰਵੇਸੁ ਗੁਰਹਿ ਧਨੁ ਦੀਆ ਧਿਆਨੁ ਮਾਨੁ ਮਨ ਏਕ ਮਏ ॥ ਪ੍ਰੇਮ ਭਗਤਿ ਮਾਨੀ ਸੁਖੁ ਜਾਨਿਆ ਤ੍ਰਿਪਤਿ ਅਘਾਨੇ ਮੁਕਤਿ ਭਏ ॥੩॥ ਜੋਤਿ ਸਮਾਇ ਸਮਾਨੀ ਜਾ ਕੈ ਅਛਲੀ ਪ੍ਰਭੁ ਪਹਿਚਾਨਿਆ ॥ ਧੰਨੈ ਧਨੁ ਪਾਇਆ ਧਰਣੀਧਰੁ ਮਿਲਿ ਜਨ ਸੰਤ ਸਮਾਨਿਆ ॥੪॥੧॥ {ਪੰਨਾ 487}

ਪਦਅਰਥ:- ਭ੍ਰਮਤ—ਭਟਕਦਿਆਂ। ਬਿਲਾਨੇ—ਗੁਜ਼ਰ ਗਏ। ਨਹੀ ਧੀਰੇ—ਨਹੀਂ ਟਿਕਦਾ। ਬਿਖੁ—ਜ਼ਹਰ। ਲੁਬਧ—ਲੋਭੀ। ਰਾਤਾ—ਰੱਤਾ ਹੋਇਆ, ਰੰਗਿਆ ਹੋਇਆ। ਮਨਿ—ਮਨ ਵਿਚੋਂ।1। ਰਹਾਉ।

ਚਾਰ—ਸੁੰਦਰ। ਤੇ—ਤੋਂ, ਵਲੋਂ ਹਟ ਕੇ। ਅਨ ਭਾਂਤੀ—ਹੋਰ ਹੋਰ ਕਿਸਮ ਦੀ।1।

ਜੁਗਤਿ—ਜੀਵਨ-ਜੁਗਤ। ਨਿਵਾਸੀ—ਟਿਕਾਈ। ਜਲਤ—(ਤ੍ਰਿਸ਼ਨਾ ਵਿਚ) ਸੜਦੇ। ਸੰਚਿ—ਇਕੱਠੇ ਕਰ ਕੇ।2।

ਗੁਰਹਿ—ਗੁਰੂ ਨੇ। ਮਨੁ—ਯਕੀਨ, ਸ਼ਰਧਾ। ਅਘਾਨੇ—ਰੱਜ ਗਿਆ।3।

ਜਾ ਕੈ—ਜਿਸ ਮਨੁੱਖ ਦੇ ਵਿਚ। ਅਛਲੀ—ਨਾਹ ਛਲਿਆ ਜਾਣ ਵਾਲਾ। ਧੰਨੈ—ਧੰਨੇ ਨੇ। ਮਿਲਿ ਜਨ—ਸੰਤ ਜਨਾਂ ਨੂੰ ਮਿਲ ਕੇ।4।

ਅਰਥ:- (ਮਾਇਆ ਦੇ ਮੋਹ ਵਿਚ) ਭਟਕਦਿਆਂ ਕਈ ਜਨਮ ਗੁਜ਼ਰ ਜਾਂਦੇ ਹਨ, ਇਹ ਸਰੀਰ ਨਾਸ ਹੋ ਜਾਂਦਾ ਹੈ, ਮਨ ਭਟਕਦਾ ਰਹਿੰਦਾ ਹੈ ਤੇ ਧਨ ਭੀ ਟਿਕਿਆ ਨਹੀਂ ਰਹਿੰਦਾ। ਲੋਭੀ ਜੀਵ ਜ਼ਹਿਰ-ਰੂਪ ਪਦਾਰਥਾਂ ਦੇ ਲਾਲਚ ਵਿਚ, ਕਾਮ-ਵਾਸ਼ਨਾਂ ਵਿਚ, ਰੰਗਿਆ ਰਹਿੰਦਾ ਹੈ, ਇਸ ਦੇ ਮਨ ਵਿਚੋਂ ਅਮੋਲਕ ਪ੍ਰਭੂ ਵਿਸਰ ਜਾਂਦਾ ਹੈ।1। ਰਹਾਉ।

ਹੇ ਕਮਲੇ ਮਨ! ਇਹ ਜ਼ਹਿਰ-ਰੂਪ ਫਲ ਤੈਨੂੰ ਮਿੱਠੇ ਲੱਗਦੇ ਹਨ, ਤੈਨੂੰ ਸੋਹਣੀ ਵਿਚਾਰ ਨਹੀਂ ਫੁਰਦੀ; ਗੁਣਾਂ ਵਲੋਂ ਹੱਟ ਕੇ ਹੋਰ ਹੋਰ ਕਿਸਮ ਦੀ ਪ੍ਰੀਤ ਤੇਰੇ ਅੰਦਰ ਵਧ ਰਹੀ ਹੈ, ਤੇ ਤੇਰਾ ਜਨਮ ਮਰਨ ਦਾ ਤਾਣਾ ਤਣਿਆ ਜਾ ਰਿਹਾ ਹੈ।1।

ਹੇ ਮਨ! ਤੂੰ ਜੀਵਨ ਦੀ ਜੁਗਤ ਸਮਝ ਕੇ ਇਹ ਜੁਗਤਿ ਆਪਣੇ ਅੰਦਰ ਪੱਕੀ ਨਾਹ ਕੀਤੀ; ਤ੍ਰਿਸ਼ਨਾ ਵਿਚ ਸੜਦੇ ਤੈਨੂੰ ਜਮਾਂ ਦਾ ਜਾਲ, ਜਮਾਂ ਦੇ ਫਾਹੇ ਪੈ ਗਏ ਹਨ। ਹੇ ਮਨ! ਤੂੰ ਵਿਸ਼ੇ-ਰੂਪ ਜ਼ਹਿਰ ਦੇ ਫਲ ਹੀ ਇਕੱਠੇ ਕਰ ਕੇ ਸਾਂਭਦਾ ਰਿਹਾ, ਤੇ ਅਜਿਹਾ ਸਾਂਭਦਾ ਰਿਹਾ ਕਿ ਤੈਨੂੰ ਪਰਮ ਪੁਰਖ ਪ੍ਰਭੂ ਭੁੱਲ ਗਿਆ।2।

ਜਿਸ ਮਨੁੱਖ ਨੂੰ ਗੁਰੂ ਨੇ ਗਿਆਨ ਦਾ ਪ੍ਰਵੇਸ਼-ਰੂਪ ਧਨ ਦਿੱਤਾ, ਉਸ ਦੀ ਸੁਰਤਿ ਪ੍ਰਭੂ ਵਿਚ ਜੁੜ ਗਈ, ਉਸ ਦੇ ਅੰਦਰ ਸ਼ਰਧਾ ਬਣ ਗਈ, ਉਸ ਦਾ ਮਨ ਪ੍ਰਭੂ ਨਾਲ ਇੱਕ-ਮਿੱਕ ਹੋ ਗਿਆ; ਉਸ ਨੂੰ ਪ੍ਰਭੂ ਦਾ ਪਿਆਰ, ਪ੍ਰਭੂ ਦੀ ਭਗਤੀ ਚੰਗੀ ਲੱਗੀ, ਉਸ ਦੀ ਸੁਖ ਨਾਲ ਸਾਂਝ ਬਣ ਗਈ, ਉਹ ਮਾਇਆ ਵਲੋਂ ਚੰਗੀ ਤਰ੍ਹਾਂ ਰੱਜ ਗਿਆ, ਤੇ ਬੰਧਨਾਂ ਤੋਂ ਮੁਕਤ ਹੋ ਗਿਆ।3।

ਜਿਸ ਮਨੁੱਖ ਦੇ ਅੰਦਰ ਪ੍ਰਭੂ ਦੀ ਸਰਬ-ਵਿਆਪਕ ਜੋਤਿ ਟਿਕ ਗਈ, ਉਸ ਨੇ ਮਾਇਆ ਵਿਚ ਨਾਹ ਛਲੇ ਜਾਣ ਵਾਲੇ ਪ੍ਰਭੂ ਨੂੰ ਪਛਾਣ ਲਿਆ।

ਮੈਂ ਧੰਨੇ ਨੇ ਭੀ ਉਸ ਪ੍ਰਭੂ ਦਾ ਨਾਮ-ਰੂਪ ਧਨ ਲੱਭ ਲਿਆ ਹੈ ਜੋ ਸਾਰੀ ਧਰਤੀ ਦਾ ਆਸਰਾ ਹੈ; ਮੈਂ ਧੰਨਾ ਭੀ ਸੰਤ ਜਨਾਂ ਨੂੰ ਮਿਲ ਕੇ ਪ੍ਰਭੂ ਵਿਚ ਲੀਨ ਹੋ ਗਿਆ ਹਾਂ।4।1।

ਨੋਟ:- ਭਗਤ ਧੰਨਾ ਜੀ ਆਪਣੀ ਜ਼ਬਾਨੋਂ ਆਖਦੇ ਹਨ ਕਿ ਮੈਨੂੰ ਗੁਰੂ ਨੇ ਨਾਮ-ਧਨ ਦਿੱਤਾ ਹੈ, ਸੰਤਾਂ ਦੀ ਸੰਗਤਿ ਵਿਚ ਮੈਨੂੰ ਧਰਣੀਧਰ ਪ੍ਰਭੂ ਲੱਭਾ ਹੈ। ਪਰ, ਸੁਆਰਥੀ ਲੋਕਾਂ ਨੇ ਆਪਣਾ ਧਾਰਮਿਕ ਜੂਲਾ ਅੰਞਾਣ ਲੋਕਾਂ ਦੇ ਮੋਢੇ ਉੱਤੇ ਪਾਈ ਰੱਖਣ ਵਾਸਤੇ ਇਹ ਕਹਾਣੀ ਚਲਾ ਦਿੱਤੀ ਕਿ ਧੰਨੇ ਨੇ ਇਕ ਬ੍ਰਾਹਮਣ ਤੋਂ ਇਕ ਠਾਕੁਰ ਲੈ ਕੇ ਉਸ ਦੀ ਪੂਜਾ ਕੀਤੀ, ਤੇ ਉਸ ਠਾਕੁਰ-ਪੂਜਾ ਤੋਂ ਉਸ ਨੂੰ ਪਰਮਾਤਮਾ ਮਿਲਿਆ।

ਇਸ ਭੁਲੇਖੇ ਨੂੰ ਦੂਰ ਕਰਨ ਲਈ ਅਤੇ ਭਗਤ ਧੰਨਾ ਜੀ ਦੇ ਸ਼ਬਦ ਦੀ ਅਖ਼ੀਰਲੀ ਤੁਕ ਨੂੰ ਚੰਗੀ ਤਰ੍ਹਾਂ ਸਿੱਖਾਂ ਦੇ ਸਾਹਮਣੇ ਸਪਸ਼ਟ ਕਰਨ ਲਈ ਗੁਰੂ ਅਰਜਨ ਸਾਹਿਬ ਜੀ ਨੇ ਅਗਲਾ ਸ਼ਬਦ ਆਪਣੇ ਵਲੋਂ ਉਚਾਰ ਕੇ ਦਰਜ ਕੀਤਾ ਹੈ।

ਭਗਤ-ਬਾਣੀ ਦੇ ਵਿਰੋਧੀ ਧੰਨਾ ਜੀ ਦੇ ਆਸਾ ਰਾਗ ਵਿਚ ਦਰਜ ਸ਼ਬਦ ਬਾਰੇ ਇਉਂ ਲਿਖਦੇ ਹਨ:- ਤਿੰਨ ਸ਼ਬਦ ਰਾਗ ਆਸਾ ਅੰਦਰ ਆਏ ਹਨ, ਜਿਨ੍ਹਾਂ ਦੀ ਵੰਨਗੀ ਹੇਠਾਂ ਦਿੱਤੀ ਜਾਂਦੀ ਹੈ।

ਪਹਿਲਾ ਸ਼ਬਦ 'ਭ੍ਰਮਤ ਫਿਰਤ ਬਹੁ ਜਨਮ ਬਿਲਾਨੇ, ਤਨੁ ਮਨੁ ਧਨੁ ਨਹੀ ਧੀਰੇ' ਤੋਂ ਅਰੰਭ ਹੁੰਦਾ ਹੈ। ਦੂਜਾ, ਜਿਸ ਵਿਚ ਭਗਤ ਜੀ ਆਪਣੇ ਗੁਰੂ ਰਾਮਾਨੰਦ ਜੀ ਅੱਗੇ ਜੋਦੜੀ ਕਰਦੇ ਹਨ। ਅੰਤ ਵਿਚ ਗੋਸਾਈ ਰਾਮਾਨੰਦ ਜੀ ਦੇ ਮੇਲ ਹੋਣ ਪਰ, 'ਧੰਨੈ ਧਨੁ ਪਾਇਆ ਧਰਣੀਧਰੁ, ਮਿਲਿ ਜਨ ਸੰਤ ਸਮਾਨਿਆ' ਦੀ ਖ਼ੁਸ਼ੀ ਪਰਗਟ ਕਰਦੇ ਹਨ।

'ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ' ਵਾਲੇ ਸ਼ਬਦ ਦਾ ਸਿਰਲੇਖ ਮ: 5 ਤੋਂ ਅਰੰਭ ਹੁੰਦਾ ਹੈ, ਜਿਸ ਵਿਚ ਕਈ ਭਗਤਾਂ ਦਾ ਨਾਮ ਲੈ ਕੇ ਦੱਸਿਆ ਹੈ ਕਿ ਅਮਕੇ ਅਮਕੇ ਨਾਮ ਜਪਣ ਕਰ ਕੇ ਤਰ ਗਏ। ਪਰ ਓਨ੍ਹਾਂ ਭਗਤਾਂ ਨੂੰ ਜਾਤ ਪਾਤ ਦੇ ਧੁਰਵਿਆਂ ਨਾਲ ਯਾਦ ਕੀਤਾ ਹੈ। ਸਾਰੇ ਭਗਤਾਂ ਨੂੰ ਗਿਣ ਕੇ ਅਖ਼ੀਰ ਸਿੱਟਾ ਹੈ 'ਇਹ ਬਿਧਿ ਸੁਨਿ ਕੈ ਜਾਟਰੋ, ਉਠਿ ਭਗਤੀ ਲਾਗਾ ॥ ਮਿਲੇ ਪ੍ਰਤਖਿ ਗੁਸਾਈਆ, ਧੰਨਾ ਵਡ ਭਾਗਾ ॥4॥' ਜਾਟਰੋ ਲਈ 'ਪ੍ਰਤਖਿ ਗੁਸਾਈਆ' ਸ੍ਵਾਮੀ ਰਾਮਾਨੰਦ ਸੀ। ਪਰ ਇਹ ਸ਼ਬਦ ਭਗਤ ਜੀ ਦੇ ਮੁਖੋਂ ਫਬਦਾ ਨਹੀਂ ਸੀ। ਇਸੇ ਕਰਕੇ ਮ: 5 ਲਿਖਿਆ ਹੈ। ਭਗਤਾਂ ਦੀ ਪ੍ਰਸਿੱਧੀ ਲਈ ਪਿੱਛੋਂ ਭੀ ਉਹਨਾਂ ਦੇ ਨਾਮਾਂ ਪਰ ਉਹਨਾਂ ਦੇ ਸ਼ਰਧਾਲੂ ਰਚਨਾ ਕਰਦੇ ਰਹਿੰਦੇ ਸਨ।

"ਭਗਤ ਧੰਨਾ ਜੀ ਦੇ ਕਈ ਸਿਧਾਂਤ ਗੁਰਮਤਿ ਵਿਰੁੱਧ ਹਨ। "

ਇਸ ਸ਼ਬਦ ਵਿਚ ਧੰਨਾ ਜੀ ਸਾਫ਼ ਲਫ਼ਜ਼ਾਂ ਵਿਚ ਕਹਿ ਰਹੇ ਹਨ ਕਿ ਮੈਨੂੰ ਗੁਰੂ ਨੇ ਨਾਮ-ਧਨ ਦਿੱਤਾ ਹੈ। ਪਰ ਪਾਠਕਾਂ ਦੀਆਂ ਨਜ਼ਰਾਂ ਵਿਚ ਭਗਤ ਜੀ ਦੇ ਵਰਤੇ ਗੁਰੂ-ਪਦ ਦੀ ਕਦਰ ਘਟਾਣ ਦੀ ਖ਼ਾਤਰ ਵਿਰੋਧੀ ਸੱਜਣ ਜਾਣ-ਬੁੱਝ ਕੇ ਲਫ਼ਜ਼ 'ਗੁਰੂ ਰਾਮਾਨੰਦ' 'ਗੁਸਾਈ ਰਾਮਾਨੰਦ' ਵਰਤ ਰਿਹਾ ਹੈ। ਨਹੀਂ ਤਾਂ, ਇਸ ਸ਼ਬਦ ਦਾ ਕੋਈ ਭੀ ਸਿਧਾਂਤ ਗੁਰਮਤਿ ਦੇ ਵਿਰੁੱਧ ਨਹੀਂ ਹੈ। ਪਤਾ ਨਹੀਂ, ਇਸ ਸੱਜਣ ਜੀ ਨੂੰ ਕਿਹੜੇ "ਕਈ ਸਿਧਾਂਤ ਗੁਰਮਤਿ ਵਿਰੁੱਧ" ਦਿੱਸ ਰਹੇ ਹਨ।

ਅਗਲੇ ਸ਼ਬਦ ਨੂੰ ਗੁਰੂ ਅਰਜਨ ਸਾਹਿਬ ਦਾ ਸ਼ਬਦ ਮੰਨਣ ਤੋਂ ਸਾਫ਼ ਇਨਕਾਰ ਕੀਤਾ ਗਿਆ ਹੈ, ਭਾਵੇਂ ਇਸ ਦਾ ਸਿਰ-ਲੇਖ ਹੈ "ਮ: 5"। ਦਲੀਲ ਬੜੀ ਅਸਚਰਜ ਦਿੱਤੀ ਹੈ ਕਿ "ਜਾਤ ਪਾਤ ਦੇ ਧ੍ਰੁਵਿਆਂ ਨਾਲ" ਭਗਤਾਂ ਨੂੰ ਯਾਦ ਕੀਤਾ ਗਿਆ ਹੈ। ਕੀ ਜਿੱਥੇ ਵੀ ਕਿਤੇ ਗੁਰੂ ਸਾਹਿਬ ਨੇ ਕਿਸੇ ਭਗਤਿ ਦੀ ਜਾਤਿ ਲਿਖ ਕੇ ਜ਼ਿਕਰ ਕੀਤਾ ਹੈ, ਸਾਡਾ ਇਹ ਵਿਰੋਧੀ ਸੱਜਣ ਉਸ ਸ਼ਬਦ ਤੋਂ ਇਨਕਾਰੀ ਹੋ ਜਾਇਗਾ? ਵੇਖੋ:

ਨੀਚ ਜਾਤਿ ਹਰਿ ਜਪਤਿਆ, ਉਤਮ ਪਦਵੀ ਪਾਇ ॥ ਪੂਛਹੁ ਬਿਦਰ ਦਾਸੀ ਸੁਤੈ, ਕਿਸਨੁ ਉਤਰਿਆ ਘਰਿ ਜਿਸੁ ਜਾਇ ॥1॥

ਰਵਿਦਾਸ ਚਮਾਰੁ ਉਸਤਤਿ ਕਰੇ, ਹਰਿ ਕੀਰਤਿ ਨਿਮਖ ਇਕ ਗਾਇ ॥ ਪਤਿਤ ਜਾਤਿ ਉਤਮੁ ਭਇਆ, ਚਾਰ ਵਰਨ ਪਏ ਪਗਿ ਆਇ ॥2॥1॥8॥ {ਸੂਹੀ ਮਹਲਾ 4, ਘਰੁ 6

ਨਾਮਾ ਛੀਬਾ ਕਬੀਰੁ ਜੁੋਲਾਹਾ, ਪੂਰੇ ਗੁਰ ਤੇ ਗਤਿ ਪਾਈ ॥ ਬ੍ਰਹਮ ਕੇ ਬੇਤੇ ਸਬਦੁ ਪਛਾਣਹਿ, ਹਉਮੈ ਜਾਤਿ ਗਵਾਈ

॥ ਸੁਰਿ ਨਰ ਤਿਨ ਕੀ ਬਾਣੀ ਗਾਵਹਿ, ਕੋਇ ਨ ਮੇਟੈ ਭਾਈ ॥3॥5॥22॥

{ਸਿਰੀ ਰਾਗੁ ਮਹਲਾ 3, ਅਸਟਪਦੀਆ

ਅਖ਼ੀਰਲੀ ਤੁਕ 'ਮਿਲੇ ਪ੍ਰਤਖਿ ਗੁਸਾਈਆ, ਧੰਨਾ ਵਡ ਭਾਗਾ', ਲਿਖ ਕੇ ਵਿਰੋਧੀ ਸੱਜਣ ਜੀ ਨੇ ਝੱਟ ਪਟ ਨਾਲ ਹੀ ਲਿਖ ਦਿੱਤਾ ਹੈ "ਜਾਟਰੋ ਲਈ 'ਪ੍ਰਤਖਿ ਗੁਸਾਈਆ' ਸ੍ਵਾਮੀ ਰਾਮਾਨੰਦ ਸੀ। " ਸੱਜਣ ਜੀ! ਗੁਰਮਤਿ ਦੇ ਵਿਰੁੱਧ ਮਨ-ਘੜਤ ਕਹਾਣੀਆਂ ਤੋਂ ਬੇ-ਸ਼ੱਕ ਮੂੰਹ ਮੋੜੋ, ਪਰ ਇਹ ਦਲੀਲ-ਬਾਜ਼ੀ ਕੋਝੀ ਤੇ ਖੋਟੀ ਹੈ। ਕੀ ਗੁਰੂ ਸਾਹਿਬ ਦੇ ਸ਼ਬਦਾਂ ਵਿਚ ਆਏ ਲਫ਼ਜ਼ 'ਗੋਸਾਈ' ਦਾ ਅਰਥ ਭੀ 'ਗੋਸਾਈ ਰਾਮਾਨੰਦ' ਹੀ ਕਰੋਗੇ?

ਹਉ ਗੋਸਾਈ ਦਾ ਪਹਿਲਵਾਨੜਾ ॥ ਮੈ ਗੁਰ ਮਿਲਿ ਉਚ ਦੁਮਾਲੜਾ ॥ ਸਭ ਹੋਈ ਛਿੰਝ ਇਕਠੀਆ, ਦਯੁ ਬੈਠਾ ਵੇਖੈ ਆਪਿ ਜੀਉ ॥17॥ {ਸਿਰੀਰਾਗੁ ਮਹਲਾ 5

ਪਹਿਲਾਂ ਤਾਂ 'ਮ: 5' ਸਿਰਲੇਖ ਹੁੰਦਿਆਂ ਭੀ ਇਸ ਸ਼ਬਦ ਨੂੰ ਗੁਰੂ ਅਰਜਨ ਸਾਹਿਬ ਦਾ ਸ਼ਬਦ ਮੰਨਣ ਤੋਂ ਇਨਕਾਰ ਕੀਤਾ ਹੈ, ਫਿਰ ਇਸ ਨੂੰ ਭਗਤ ਧੰਨਾ ਜੀ ਦਾ ਭੀ ਨਹੀਂ ਮੰਨਿਆ, ਤੇ ਇਹ ਆਖ ਦਿੱਤਾ ਹੈ ਕਿ 'ਇਹ ਸ਼ਬਦ ਭਗਤ ਜੀ ਦੇ ਮੁਖੋਂ ਫਬਦਾ ਨਹੀਂ ਸੀ। ਇਸੇ ਕਰਕੇ ਮ: 5 ਲਿਖਿਆ ਹੈ। ਭਗਤਾਂ ਦੀ ਪ੍ਰਸਿੱਧੀ ਲਈ ਪਿੱਛੋਂ ਭੀ ਉਹਨਾਂ ਦੇ ਨਾਮਾਂ ਪਰ ਉਹਨਾਂ ਦੇ ਸ਼ਰਧਾਲੂ ਰਚਨਾ ਕਰਦੇ ਰਹਿੰਦੇ ਸਨ।

ਇਥੇ ਵਿਰੋਧੀ ਸੱਜਣ ਕਹਾਣੀ-ਘਾੜਿਆਂ ਦੀ ਕਹਾਣੀ ਦਾ ਹੀ ਆਸਰਾ ਲੈ ਕੇ ਕਹਿ ਰਿਹਾ ਹੈ ਕਿ ਭਗਤ ਤਾਂ ਕਿਤੇ ਰਹੇ, ਹੌਲੇ ਮੇਲ ਦੇ ਬੰਦਿਆਂ ਦੀ ਰਚਨਾ ਭੀ ਕਿਸੇ ਢੰਗ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰ ਲਈ ਗਈ ਸੀ।

ਪਾਠਕ ਸੱਜਣ ਅਗਲੇ ਸ਼ਬਦ ਦੇ ਅਰਥ ਤੇ ਉਸ ਦੀ ਵਿਆਖਿਆ ਧਿਆਨ ਨਾਲ ਪੜ੍ਹਨ।